

NEW FOREST
NATIONAL PARK

## ਨਿਊ ਫ਼ਾਰੈਸਟ ਨੈਸ਼ਨਲ ਪਾਰਕ (New Forest National Park) ਵਿੱਚ

# ਜੀ ਆਇਆਂ ਨੂੰ

ਪ੍ਰਾਚੀਨ ਵਣ-ਪ੍ਰਦੇਸ਼, ਹੀਦਰ ਨਾਲ ਢਕੇ ਝਾੜੀ-ਖੰਡ, ਖੁੱਲ੍ਹੇ ਹਰਿਆਲੇ ਮੈਦਾਨਾਂ, ਦਲਦਲੀ ਖੋਭਿਆਂ, ਸੁਖਾਂਵੀ ਹਰੀ ਭਰੀ ਜ਼ਮੀਨ, ਅਤੀ ਸੁੰਦਰ ਪਿੰਡਾਂ ਅਤੇ ਸਾਹਿਲੀ ਲੂਣੀ ਦਲਦਲ, ਖਾਰੀਆਂ ਝੀਲਾਂ ਅਤੇ ਚਿੱਕੜ ਵਾਲੇ ਜ਼ਮੀਨ (ਮੱਡਫਲੈਟ) ਇਕ ਲਾਜਵਾਬ ਭੂ-ਦ੍ਰਿਸ਼ ਵਿੱਚ ਤੁਹਾਡਾ ਸੁਆਗਤ ਹੈ।

ਨੈਸ਼ਨਲ ਪਾਰਕ (National Park) ਇੰਗਲੈਂਡ ਦੇ ਦੱਖਣ ਵਿੱਚ ਵਣ ਅਤੇ ਸ਼ਾਂਤ ਮਾਹੌਲ ਦੀ ਪੇਸ਼ਕਸ਼ ਕਰਨ ਵਾਲੇ ਅੰਤਮ ਸਥਾਨਾਂ ਵਿੱਚੋਂ ਇਕ ਹੈ। ਇਹ ਯੂਰੋਪ ਵਿੱਚ ਬਾਕੀ ਬਚੇ ਝਾੜੀਆਂ ਵਾਲੇ ਨੀਵੇਂ ਇਲਾਕੇ 'ਚੋਂ ਸਭ ਤੋਂ ਵੱਡਾ ਹੈ ਅਤੇ ਇਹ ਇਕ ਅਜਿਹੇ ਭੂ-ਦ੍ਰਿਸ਼ ਦਾ ਅਹਿਸਾਸ ਕਰਾਉਂਦਾ ਹੈ, ਜੋ ਕਦੀ ਬਹੁਤ ਵਿਸ਼ਾਲ ਹੁੰਦਾ ਸੀ।

900 ਸਾਲ ਤੋਂ ਵੱਧ ਸਮਾਂ ਪਹਿਲਾਂ ਵਿਜੇਤਾ ਵਿਲੀਅਮ (William the Conqueror) ਨੇ ਫ਼ਾਰੈਸਟ ਨੂੰ ਸ਼ਿਕਾਰ ਖੇਡਣ ਲਈ ਪਾਸੇ ਰਹਿਣ ਦਿੱਤਾ ਸੀ ਅਤੇ ਕਈ ਸਦੀਆਂ ਹਿਰਨਾਂ, ਛੋਟੇ ਘੋੜਿਆਂ ਅਤੇ ਜਾਨਵਰਾਂ ਦੇ ਚਰਣ ਨਾਲ ਇਸ ਨੂੰ ਇਕ ਭੂ-ਦ੍ਰਿਸ਼ ਦੀ ਨੁਹਾਰ ਮਿਲ ਗਈ ਸੀ; ਵਿਲੀਅਮ ਸ਼ਾਇਦ ਅੱਜ ਵੀ ਫ਼ਾਰੈਸਟ ਦੇ ਕਾਫ਼ੀ ਹਿੱਸੇ ਨੂੰ ਪਛਾਣ ਲਏ।

ਇਹ ਪੈਦਲ, ਬਾਈਸਿਕਲ ਜਾਂ ਘੋੜੇ 'ਤੇ ਚੜ੍ਹ ਕੇ ਘੁੰਮਣ ਲਈ ਇਕ ਵਧੀਆ ਇਲਾਕਾ ਹੈ। ਇਸ ਵਿੱਚ ਵਿਸ਼ੇਸ਼ ਤੌਰ 'ਤੇ ਜੰਗਲੀ ਜੀਵ ਜੰਤੂਆਂ ਦੀ ਬਹੁਤਾਤ ਹੈ ਅਤੇ ਤੁਸੀਂ ਜੰਗਲ ਦੀ ਫੇਰੀ ਨੂੰ ਵਿਸ਼ੇਸ਼ ਬਣਾ ਦੇਣ ਵਾਲੇ ਕਈ ਸਾਰੇ ਨਜ਼ਾਰੇ ਮਾਣ ਸਕਦੇ ਹੋ, ਜਿਨ੍ਹਾਂ ਵਿੱਚ ਪਤਝੜ ਦੀ ਰੁੱਤ ਵਿੱਚ ਪ੍ਰਾਚੀਨ ਬਲੂਤ ਦੇ ਰੁੱਖ, ਕਾਈ ਅਤੇ ਸੂਰ, ਹਿਰਨਾਂ, ਰੀਂਗਣ ਵਾਲੇ ਜੀਵਾਂ, ਸ਼ਿਕਾਰੀ ਪੰਛੀਆਂ ਅਤੇ ਬਿਨਾਂ ਸ਼ੱਕ ਨਿਊ ਫ਼ਾਰੈਸਟ ਦੇ ਮਸ਼ਹੂਰ ਖੁੱਲ੍ਹੇ ਹੋਏ ਛੋਟੇ ਘੋੜਿਆਂ ਦੇ ਘੁੰਮਣ-ਫਿਰਨ ਦੇ ਦ੍ਰਿਸ਼ ਸ਼ਾਮਲ ਹਨ।

ਕਿਉਂ ਨਾ ਰੇਲ ਜਾਂ ਨਿਊ ਫ਼ਾਰੈਸਟ ਟੂਰ ਬੱਸ ਰਾਹੀਂ ਉਥੇ ਜਾਈਏ ਅਤੇ ਨਿਊ ਫ਼ਾਰੈਸਟ ਨੈਸ਼ਨਲ ਪਾਰਕ ਨੂੰ ਇਕ ਵਿਸ਼ੇਸ਼ ਸਥਾਨ ਬਣਾਈ ਰੱਖਣ ਵਿੱਚ ਮਦਦ ਕਰੀਏ?





# ਨਿਊ ਫ਼ਾਰੈਸਟ ਏਨਾ ਵਿਸ਼ੇਸ਼ ਕਿਉਂ ਹੈ?

ਨਿਊ ਫ਼ਾਰੈਸਟ ਨੈਸ਼ਨਲ ਪਾਰਕ ਦਾ ਭੂ-ਦ੍ਰਿਸ਼ ਮੱਧ-ਕਾਲੀਨ ਇੰਗਲੈਂਡ ਦੀ ਇਕ 'ਜਿਉਂਦੀ ਜਾਗਦੀ' ਅਤੇ ਕਾਰਜਮਈ ਮਿਸਾਲ ਹੈ, ਜੋ ਨਿਰੰਤਰਤਾ, ਪਰੰਪਰਾ ਅਤੇ ਇਤਿਹਾਸ ਦਾ ਇਕ ਜ਼ੋਰਦਾਰ ਅਹਿਸਾਸ ਜਗਾਉਂਦੀ ਹੈ। ਇਹ ਕੇਵਲ ਇਕ ਵਿਸ਼ੇਸ਼ ਗੁਣ ਦਾ ਨਹੀਂ ਸਗੋਂ ਕਈ ਗੁਣਾਂ ਦੀ ਇਕ ਸਮੁੱਚੀ ਲੜੀ ਦਾ ਬਰਕਰਾਰ ਰਹਿਣਾ ਹੈ, ਜੋ ਸੰਪੂਰਨਤਾ ਅਤੇ ਅਖੰਡਤਾ ਦੀ ਭਾਵਨਾ ਪੈਦਾ ਕਰਦਾ ਹੈ।



## ਇਨ੍ਹਾਂ ਗੁਣਾਂ ਵਿੱਚ ਸ਼ਾਮਲ ਹਨ:

1. ਨਿਊ ਫ਼ਾਰੈਸਟ ਦੀ ਅਸਾਧਾਰਣ ਕੁਦਰਤੀ ਖ਼ੂਬਸੂਰਤੀ: ਪੁਰਾਤਨ ਵਣ-ਪ੍ਰਦੇਸ਼ ਦੇ ਦ੍ਰਿਸ਼, ਆਵਾਜ਼ਾਂ ਅਤੇ ਮਹਿਕ, ਪੁਰਾਤਨ ਰੁੱਖ, ਝਾੜੀ-ਖੰਡ, ਦਲਦਲੀ ਖੇਤਰ, ਪਤਝੜ ਦੇ ਰੰਗ ਅਤੇ ਆਪਣੇ ਮੂਲ ਰੂਪ ਵਾਲੀ ਸਾਹਿਲੀ ਰੇਖਾ, ਜਿੱਥੇ ਸੋਲੈਂਟ (Solent) ਅਤੇ ਆਈਲ ਆਫ਼ ਵਾਈਟ (Isle of Wight) ਨਜ਼ਰ ਆਉਂਦੇ ਹਨ।
2. ਕੌਮਾਂਤਰੀ ਮਹੱਤਵ ਵਾਲੇ ਬੇਸ਼ੁਮਾਰ ਕਿਸਮਾਂ ਦੇ ਬੂਟੇ ਅਤੇ ਜਾਨਵਰ।
3. ਸ਼ਾਹੀ ਸ਼ਿਕਾਰਗਾਹ ਤੋਂ ਲੈ ਕੇ ਸਮੁੰਦਰੀ ਜਹਾਜ਼ਾਂ ਦੇ ਨਿਰਮਾਣ, ਲੂਣ ਬਣਾਉਣ ਅਤੇ 500 ਸਾਲਾਂ ਦੀ ਫ਼ੌਜੀ ਸਾਹਿਲੀ ਰੱਖਿਆ ਦਾ ਇਕ ਬੇਮਿਸਾਲ ਇਤਿਹਾਸਕ, ਸਭਿਆਚਾਰਕ ਅਤੇ ਪੁਰਾਤੱਤਵੀ ਵਿਰਸਾ।
4. ਇਕ ਇਤਿਹਾਸਕ ਸਾਂਝੀ ਪ੍ਰਣਾਲੀ, ਜਿਸਨੇ ਇਸ ਖੇਤਰ ਨੂੰ ਬਰਕਰਾਰ ਰੱਖਿਆ ਹੈ, ਜਿਸਨੂੰ ਲੋਕ 'ਨਿਊ ਫ਼ਾਰੈਸਟ' ਦੇ ਨਾਂਅ ਨਾਲ ਜਾਣਦੇ ਅਤੇ ਪਿਆਰ ਕਰਦੇ ਹਨ, ਜੋ ਖੇਤੀ ਅਤੇ ਵਣ-ਪਾਲਣ 'ਤੇ ਆਧਾਰਤ ਇਕ ਕਾਰਜਮਈ ਭੂ-ਦ੍ਰਿਸ਼ ਦਾ ਦਿਲ ਹੈ।
5. ਨਿਊ ਫ਼ਾਰੈਸਟ ਦਾ ਆਇਕੌਨ (ਵਿਸ਼ੇਸ਼ ਜੀਵ) ਛੋਟਾ ਘੋੜਾ, ਗਧਿਆਂ, ਸੂਰਾਂ ਅਤੇ ਹੋਰ ਜਾਨਵਰਾਂ ਨਾਲ ਬੇਰੋਕਟੋਕ ਘੁੰਮਦਾ ਫਿਰਦਾ।
6. ਇੰਗਲੈਂਡ ਦੇ ਦੱਖਣ ਵੱਲ ਰੌਣਕ ਅਤੇ ਇਮਾਰਤਾਂ ਵਾਲੇ ਖੇਤਰ ਦੇ ਵਿਚਕਾਰ ਚੈਨ-ਸ਼ਾਂਤੀ।
7. ਦੱਖਣ ਵਿੱਚ ਆਖ਼ਰੀ ਵਿਸ਼ਾਲ ਅਤੇ ਸੁਖਾਵੇਂ ਭੂ-ਦ੍ਰਿਸ਼ਾਂ ਵਿਚੋਂ ਇਕ ਵਿੱਚ ਸ਼ਾਂਤ ਮਨੋਰੰਜਨ ਅਤੇ ਨਵੀਆਂ ਗੱਲਾਂ ਅਤੇ ਸਥਾਨ ਨੂੰ ਜਾਣਨ ਅਤੇ ਸਮਝਣ ਦੇ ਸ਼ਾਨਦਾਰ ਮੌਕੇ ਅਤੇ ਪੈਦਲ ਅਤੇ ਘੋੜਿਆਂ 'ਤੇ ਬੇਰੋਕ ਪਹੁੰਚਣ ਦੀ ਬੇਮਿਸਾਲ ਸਹੂਲਤ।
8. ਇਕ ਸਿਹਤਮੰਦ ਵਾਤਾਵਰਣ : ਤਾਜ਼ੀ ਹਵਾ, ਸਵੱਛ ਪਾਣੀ, ਸਥਾਨਕ ਉਤਪਾਦ ਅਤੇ 'ਜੰਗਲੀ ਮਾਹੌਲ' ਦੀ ਭਾਵਨਾ।
9. ਬਲਵਾਨ ਅਤੇ ਨਵੇਕਲੇ ਸਥਾਨਕ ਭਾਈਚਾਰੇ ਜਿਨ੍ਹਾਂ ਨੂੰ ਸੱਚਮੁੱਚ ਆਪਣੇ ਖੇਤਰ 'ਤੇ ਮਾਣ ਹੈ ਅਤੇ ਉਸ ਨਾਲ ਇਕਮਿਕ ਹੋਣ ਦਾ ਅਹਿਸਾਸ ਹੈ।




ਇਹ ਨਕਸ਼ਾ, ਆਰਡਨੈਂਸ ਸਰਵੇਅ (Ordnance Survey) ਦੀ ਸਮੱਗਰੀ ਤੋਂ, Controller of Her Majesty's Stationery Office © Crown Copyright ਦੀ ਤਰਫੋਂ ਆਰਡਨੈਂਸ ਸਰਵੇਅ ਦੀ ਆਗਿਆ ਨਾਲ ਦਿੱਤਾ ਗਿਆ ਹੈ। ਇਸ ਨੂੰ ਅਣਅਧੀਕ੍ਰਿਤ ਤੌਰ ਤੇ ਛਾਪਣ ਨਾਲ Crown Copyright ਦੀ ਉਲੰਘਣਾ ਹੋਵੇਗੀ ਅਤੇ ਇਸਦਾ ਨਤੀਜਾ ਮੁਕੱਦਮਾ ਜਾਂ ਸਿਵਲ ਕਾਰਵਾਈ ਹੋ ਸਕਦਾ ਹੈ। New Forest National Park Authority ਲਾਇਸੈਂਸ ਨੰਬਰ 100014703 2008।







# ਨਿਊ ਫ਼ਾਰੈਸਟ ਦੀ ਸੰਭਾਲ

ਨਿਊ ਫ਼ਾਰੈਸਟ ਨੈਸ਼ਨਲ ਪਾਰਕ ਵਿੱਚ ਲੋਕ ਅਤੇ ਪ੍ਰਕਿਰਤੀ ਇਕਸੁਰਤਾ ਨਾਲ ਇਕੱਠੇ ਰਹਿੰਦੇ ਹਨ। ਇਹ ਯਕੀਨੀ ਬਣਾਉਣ ਲਈ ਕਿ ਅਸੀਂ ਅਗੋਂ ਵੀ ਇੰਜ ਹੀ ਰਹੀਏ, ਕਿਰਪਾ ਕਰਕੇ ਵਿਹਾਰ ਦੇ ਇਸ ਸਰਲ ਜ਼ਾਬਤੇ ਦੀ ਪਾਲਣਾ ਕਰੋ:

**ਪਹੁੰਚ** : ਨਿਸ਼ਚਤ ਪੱਥ 'ਤੇ ਹੀ ਚਲੋ, ਤਾਂਕਿ ਜੰਗਲੀ ਜੀਵ ਜੰਤੂਆਂ ਦੇ ਜੀਵਨ ਵਿੱਚ ਖ਼ਲਲ ਨਾ ਪਏ। ਆਪਣੇ ਰੂਟ ਦੀ ਇਸ ਤਰ੍ਹਾਂ ਵਿਓਂਤ ਬਣਾਉ ਕਿ ਤਰਕਾਲਾਂ ਤਕ ਫ਼ਾਰੈਸਟਰੀ ਕਮਿਸ਼ਨ ਕਾਰ ਪਾਰਕਾਂ 'ਚੋਂ ਨਿਕਲ ਜਾਉ।

**ਕੁੱਤੇ** : ਨਿਊ ਫ਼ਾਰੈਸਟ ਕੁੱਤਿਆਂ ਨੂੰ ਸੈਰ 'ਤੇ ਨਾਲ ਲਿਜਾਣ ਲਈ ਇਕ ਵਧੀਆ ਸਥਾਨ ਹੈ, ਪਰ ਕਿਰਪਾ ਕਰਕੇ ਉਨ੍ਹਾਂ ਨੂੰ ਪੂਰਾ ਵੇਲਾ ਆਪਣੀ ਨਜ਼ਰ ਅਤੇ ਕੰਟਰੋਲ ਹੇਠ ਰੱਖੋ। ਮਾਰਚ ਤੋਂ ਜੁਲਾਈ ਤਕ ਦੇ ਸਮੇਂ ਦੌਰਾਨ ਕੁੱਤਿਆਂ ਨੂੰ ਨਿਸ਼ਚਤ ਮਾਰਗ 'ਤੇ ਰੱਖੋ, ਤਾਂ ਜੋ ਪੰਛੀਆਂ ਦੇ ਬੋਟ ਸੁਰੱਖਿਅਤ ਰਹਿਣ। ਗਰਮੀਆਂ ਦੀ ਰੁੱਤ ਵਿੱਚ ਕੁਝ ਰੇਤਲੇ ਕੰਢਿਆਂ (ਬੀਚਾਂ) 'ਤੇ ਕੁੱਤਿਆਂ ਨੂੰ ਲਿਜਾਣ ਦੀ ਆਗਿਆ ਨਹੀਂ ਹੈ; ਸਥਾਨਕ ਪਾਬੰਦੀਆਂ ਵਲ ਧਿਆਨ ਦਿਉ।

**ਪਾਰਕਿੰਗ** : ਨਿਸ਼ਚਤ ਕਾਰ ਪਾਰਕ ਦੀ ਵਰਤੋਂ ਕਰੋ ਅਤੇ ਆਪਣੀ ਕਾਰ ਨੂੰ ਲੱਕ ਕਰੋ, ਆਪਣੀਆਂ ਕੀਮਤੀ ਚੀਜ਼ਾਂ, ਜੇ ਕੋਈ ਹੋਣ, ਆਪਣੇ ਨਾਲ ਲੈ ਜਾਉ।

**ਡ੍ਰਾਈਵਿੰਗ** : ਵਾੜ-ਰਹਿਤ ਸੜਕਾਂ 'ਤੇ 40 ਮੀਲ ਫ਼ੀ ਘੰਟਾ ਸਪੀਡ ਦੀ ਸੀਮਾ ਦੀ ਪਾਲਣਾ ਕਰਨ ਨਾਲ, ਜਾਨਵਰਾਂ ਨਾਲ ਹਾਦਸਿਆਂ ਦੀ ਗਿਣਤੀ ਕਾਫ਼ੀ ਘੱਟ ਜਾਂਦੀ ਹੈ। ਮੱਠੀ ਰਫ਼ਤਾਰ 'ਤੇ ਚਲੋ ਅਤੇ ਛੋਟੇ ਘੋੜਿਆਂ ਅਤੇ ਹੋਰ ਜੰਗਲੀ ਜੀਵਾਂ ਲਈ ਖੁੱਲ੍ਹੀ ਥਾਂ ਛੱਡੋ; ਉਨ੍ਹਾਂ ਅੰਦਰ ਸੜਕ 'ਤੇ ਸੁਰੱਖਿਅਤ ਤੁਰਨ ਦੀ ਸਿਆਣਪ ਨਹੀਂ ਹੁੰਦੀ! ਰਾਤ ਵੇਲੇ ਖ਼ਾਸ ਤੌਰ 'ਤੇ ਇਹਤਿਆਤ ਵਰਤੋ।

**ਅੱਗ** : ਕਿਉਂਕਿ ਕਾਬੂ ਤੋਂ ਬਾਹਰ ਹੋ ਜਾਣ ਵਾਲੀਆਂ ਜੰਗਲੀ ਅੱਗਾਂ ਇਕ ਵੱਡਾ ਖ਼ਤਰਾ ਹਨ, ਇਸ ਲਈ ਨਿਊ ਫ਼ਾਰੈਸਟ ਵਿੱਚ ਕੈਂਪਫ਼ਾਇਰਾਂ ਦੀ ਆਮ ਕਰਕੇ ਇਜਾਜ਼ਤ ਨਹੀਂ ਹੈ। ਬਾਰਬੇਕਿਊ (Barbecue) ਲਈ ਸਥਾਨ ਵਿਲਵਰਲੀ (Wilverley) ਅਤੇ ਐਂਡਰਵੁੱਡ (Anderwood) ਕਾਰ ਪਾਰਕਾਂ ਵਿੱਚ ਫ਼ਾਰੈਸਟਰੀ ਕਮਿਸ਼ਨ (Forestry Commission) (023 8028 3141 ਜਾਂ www.forestry.gov.uk/newforest) ਵੱਲੋਂ ਅਤੇ ਲੈੱਪ ਕੰਟਰੀ ਪਾਰਕ (Lepe Country Park) ਵਿੱਚ ਹੈਂਪਸ਼ਾਇਰ ਕਾਉਂਟੀ ਕੌਂਸਲ (Hampshire County Council) ਵੱਲੋਂ ਕਿਰਾਏ 'ਤੇ ਦਿੱਤੇ ਜਾਂਦੇ ਹਨ (ਕਿਰਪਾ ਕਰਕੇ ਪਹਿਲਾਂ ਬੁਕ ਕਰਵਾਉ : 023 8089 9108 ਜਾਂ www.hants.gov.uk/lepe)।

**ਸਾਈਕਲ ਸਵਾਰੀ** : ਕੇਵਲ ਨਿਸ਼ਚਤ ਮਾਰਗ 'ਤੇ ਹੀ ਸਾਈਕਲ ਚਲਾਉ। ਪੈਦਲ ਚਲਣ ਵਾਲਿਆਂ ਅਤੇ ਘੋੜੇ 'ਤੇ ਸਵਾਰੀ ਕਰਨ ਵਾਲਿਆਂ ਨੂੰ ਰਾਹ ਦਿਉ ਅਤੇ ਉਨ੍ਹਾਂ ਦੇ ਨੇੜੇ ਪਹੁੰਚਣ 'ਤੇ ਖ਼ਬਰਦਾਰ ਕਰ ਦਿਉ। ਸੌੜੀਆਂ ਸੜਕਾਂ 'ਤੇ ਇਕ ਇਕ ਦੀ ਲਾਈਨ ਵਿੱਚ ਸਾਈਕਲ ਚਲਾਉ ਅਤੇ ਕਦੀ ਵੀ ਦੋ ਤੋਂ ਵੱਧ ਸਾਈਕਲ ਸਵਾਰ ਨਾਲੋ ਨਾਲ ਨਾ ਚਲਣ। ਸ਼ੋਖ਼ ਰੰਗ ਦੇ ਕਪੜੇ ਪਹਿਨੋ ਤਾਂ ਜੋ ਤੁਸੀਂ ਨਜ਼ਰ ਆਉ ਅਤੇ ਹਨੇਰੇ ਵਿੱਚ ਹਮੇਸ਼ਾ ਸਾਈਕਲ ਦੀ ਬੱਤੀ ਜਗਾ ਕੇ ਰੱਖੋ।

**ਵਣ ਦਾ ਪ੍ਰਬੰਧਣ** : ਤਾੜਨਾ ਦੇ ਕਿਸੇ ਵੀ ਸੰਕੇਤ ਵਲ ਧਿਆਨ ਦਿਉ ਅਤੇ ਕੰਮ ਵਾਲੇ ਸਥਾਨਾਂ ਤੋਂ ਸੁਰੱਖਿਅਤ ਫ਼ਾਸਲੇ 'ਤੇ ਰਹੋ। ਲੱਕੜ ਨਾਲ ਲੱਦੀ ਗੱਡੀ ਦੇ ਨੇੜਿਓਂ ਕੇਵਲ ਉਦੋਂ ਹੀ ਲੰਘੋ, ਜਦੋਂ ਦੱਸਿਆ ਜਾਵੇ ਕਿ ਅਜਿਹਾ ਕਰਨਾ ਸੁਰੱਖਿਅਤ ਹੈ।

**ਕੂੜਾ ਕਰਕਟ** : ਕਿਰਪਾ ਕਰਕੇ ਆਪਣਾ ਕੂੜਾ ਕਰਕਟ ਘਰ ਲੈ ਜਾਉ।

**ਛੋਟੇ ਘੋੜੇ** : ਕਿਰਪਾ ਕਰਕੇ ਛੋਟੇ ਘੋੜਿਆਂ ਨੂੰ ਕੁਝ ਨਾ ਖਵਾਉ। ਦੇਖਣ ਵਿੱਚ ਉਹ ਸਾਊ ਲਗ ਸਕਦੇ ਹਨ, ਪਰ ਉਹ ਦੰਦਾਂ ਨਾਲ ਵੱਢ ਸਕਦੇ ਹਨ ਅਤੇ ਦੁਲੱਤੀ ਮਾਰ ਸਕਦੇ ਹਨ – ਖ਼ਾਸ ਕਰਕੇ ਬੱਚਿਆਂ ਵਾਲੀਆਂ ਘੋੜਿਆਂ – ਅਤੇ ਜਿਨ੍ਹਾਂ ਛੋਟੇ ਘੋੜਿਆਂ ਨੂੰ ਹੱਥੀਂ ਖਵਾਇਆ ਜਾਂਦਾ ਹੈ, ਉਨ੍ਹਾਂ ਦੀ ਰੁਚੀ ਸੜਕਾਂ ਦੇ ਨੇੜੇ ਇਕੱਠੇ ਹੋਣ ਦੀ ਹੁੰਦੀ ਹੈ ਅਤੇ ਉਹ ਦੂਜੇ ਸੈਲਾਨੀਆਂ ਨਾਲ ਗੁੱਸੇਖੋਰੀ ਨਾਲ ਪੇਸ਼ ਆ ਸਕਦੇ ਹਨ। ਵਣ ਵਿੱਚ ਉਨ੍ਹਾਂ ਲਈ ਕਾਫ਼ੀ ਕੁਦਰਤੀ ਚਾਰਾ ਹੈ।









# ਨੈਸ਼ਨਲ ਪਾਰਕ ਕੀ ਹੈ ?

ਨੈਸ਼ਨਲ ਪਾਰਕ ਇਕ ਅਤੀ ਕੁਦਰਤੀ ਸੁੰਦਰਤਾ ਵਾਲਾ ਖੇਤਰ ਹੁੰਦਾ ਹੈ, ਜਿਸ ਵਿੱਚ ਚਾਰਦਿਵਾਰੀ ਤੋਂ ਬਾਹਰ ਮਨੋਰੰਜਨ ਦੇ ਸ਼ਾਨਦਾਰ ਮੌਕੇ ਹੁੰਦੇ ਹਨ, ਅਤੇ ਜਿਸਨੂੰ ਵਿਸ਼ੇਸ਼ ਹਿਫ਼ਾਜ਼ਤ ਅਤੇ ਪ੍ਰਬੰਧਨ ਦੀ ਜ਼ਰੂਰਤ ਹੁੰਦੀ ਹੈ – ਜਿਵੇਂ ਕਿ ਨਿਊ ਫ਼ਾਰੈਸਟ।

ਨਿਊ ਫ਼ਾਰੈਸਟ ਨੈਸ਼ਨਲ ਪਾਰਕ ਦੇ ਉਦੇਸ਼ ਹਨ:

- ਪਾਰਕ ਦੀ ਕੁਦਰਤੀ ਸੁੰਦਰਤਾ, ਜੰਗਲੀ ਜੀਵਾਂ ਅਤੇ ਸਭਿਆਚਾਰਕ ਵਿਰਸੇ ਦੀ ਸੰਭਾਲ ਅਤੇ ਇਸ ਵਿੱਚ ਵਾਧਾ ਕਰਨਾ, ਅਤੇ
- ਇਸਦੇ ਵਿਸ਼ੇਸ਼ ਗੁਣਾਂ ਦੀ ਸੂਝ ਬੂਝ ਅਤੇ ਆਨੰਦ ਮਾਣਨ ਵਿੱਚ ਵਾਧਾ ਕਰਨਾ।

ਇਸ ਤੋਂ ਇਲਾਵਾ, ਨੈਸ਼ਨਲ ਪਾਰਕ ਦਾ ਕਰਤੱਵ, ਇਸ ਅੰਦਰਲੇ ਭਾਈਚਾਰਿਆਂ ਦੀ ਸਮਾਜਕ ਅਤੇ ਆਰਥਕ ਬਿਹਤਰੀ ਵਿੱਚ ਵਾਧਾ ਕਰਨਾ ਹੈ।



NEW FOREST NATIONAL PARK

ਟੈਲੀਫ਼ੋਨ ਨੰਬਰ : 01590 646600
ਈ-ਮੇਲ : enquiries@newforestnpa.gov.uk
ਵੈੱਬਸਾਈਟ : www.newforestnpa.gov.uk

© New Forest National Park Authority 2009
ਸਾਰੇ ਚਿੱਤਰ New Forest National Park Photographic Library ਤੋਂ ਲਏ ਗਏ

ਰੀਸਾਈਕਲ ਕੀਤੇ ਕਾਗਜ਼ 'ਤੇ ਛਾਪਿਆ ਗਿਆ